# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ, ਫੋਨ:01725043244, 01725043256

ਵੱਲ:

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ./ਸੈ.ਸਿੱ.),
ਪੰਜਾਬ।

ਮੀਮੋ ਨੰ: ਡਿ.ਐਸ.ਪੀ.ਡੀ./ਆਰ.ਐਮ.ਐਸ.ਏ./2012/Rw 7020
ਮਿਤੀ, ਚੰਡੀਗੜ੍ਹ : 7/2/12

ਵਿਸ਼ਾ : ਈ.ਟੀ.ਟੀ. ਦੀ ਟੀਚਿੰਗ ਪ੍ਰੈਕਟਿਸ ਕਰਵਾਉਣ ਬਾਰੇ।

01. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

02. ਕਿਸੇ ਵੀ ਸਕੂਲ ਵਿੱਚ ਤਿੰਨ ਤੋਂ ਵੱਧ ਸਿੱਖਿਆਰਥੀ ਟੀਚਿੰਗ ਪ੍ਰੈਕਟਿਸ ਲਈ ਨਹੀਂ ਜਾਣਗੇ।

03. ਈ.ਟੀ.ਟੀ. ਸੰਸਥਾ ਦੇ ਪ੍ਰਿੰਸੀਪਲ, ਸਕੂਲ ਦੇ ਪ੍ਰਿੰਸੀਪਲ/ਮੁੱਖੀ ਨੂੰ ਟੀਚਿੰਗ ਪ੍ਰੈਕਟਿਸ ਲਈ ਬੇਨਤੀ ਕਰਨ ਸਮੇਂ ਸਿੱਖਿਆਰਥੀਆਂ ਦੀ ਵਿਸ਼ਾ-ਵਾਰ ਗਿਣਤੀ ਦੇਣਗੇ ਅਤੇ ਉਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਦੇ ਪ੍ਰਿੰਸੀਪਲ/ਮੁੱਖੀ ਲੋੜ ਅਨੁਸਾਰ ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਦੀ ਆਗਿਆ ਦੇਣਗੇ ਅਤੇ ਵਿਸ਼ਾ/ਪੀਰੀਅਡ ਦੀ ਵੰਡ ਕਰਨਗੇ। ਇਸ ਸਬੰਧੀ ਸਕੂਲ ਪ੍ਰਿੰਸੀਪਲ/ਮੁੱਖੀ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਵੀ ਜਾਣੂ ਕਰਵਾਉਣਗੇ।

04. ਟੀਚਿੰਗ ਪ੍ਰੈਕਟਿਸ ਲਗਾਉਣ ਸਮੇਂ ਇੱਕ ਅਧਿਆਪਕ ਅਧੀਨ ਕੇਵਲ ਇੱਕ ਸਿੱਖਿਆਰਥੀ ਸਹਾਇਕ ਅਧਿਆਪਕ ਦੇ ਤੌਰ 'ਤੇ ਲਗਾਇਆ ਜਾਵੇਗਾ।

05. ਖਾਲੀ ਅਸਾਮੀ ਹੋਣ ਦੀ ਸੂਰਤ ਵਿੱਚ ਸਕੂਲ ਪ੍ਰਿੰਸੀਪਲ/ਮੁੱਖੀ ਉਸੇ ਵਿਸ਼ੇ ਦੇ ਇੱਕ ਸਿੱਖਿਆਰਥੀ ਨੂੰ ਟੀਚਿੰਗ ਪ੍ਰੈਕਟਿਸ ਲਈ ਲਗਾਏਗਾ।

06. ਟੀਚਿੰਗ ਪ੍ਰੈਕਟਿਸ ਲਈ ਆਏ ਸਿੱਖਿਆਰਥੀਆਂ ਵੱਲੋਂ 30 ਦਿਨਾਂ ਤੱਕ ਲਈ 300/- ਰੁਪਏ ਪ੍ਰਤੀ ਸਿੱਖਿਆਰਥੀ ਸਕੂਲ ਵੈਲਫੇਅਰ ਫੰਡ ਵਿੱਚ ਜਮ੍ਹਾ ਕਰਵਾਉਣੇ ਜ਼ਰੂਰੀ ਹੋਣਗੇ। ਇਸ ਦਾ ਪੂਰਾ ਰਿਕਾਰਡ ਸਕੂਲ ਪ੍ਰਿੰਸੀਪਲ/ਮੁੱਖੀ ਵੱਲੋਂ ਰੱਖਿਆ ਜਾਵੇਗਾ ਅਤੇ ਸਕੂਲ ਪ੍ਰਿੰਸੀਪਲ/ਮੁੱਖੀ ਇਸ ਰਾਸ਼ੀ ਦੀ ਰਸੀਦ ਸਿੱਖਿਆਰਥੀ ਨੂੰ ਦੇਣਾ ਯਕੀਨੀ ਬਣਾਉਣਗੇ।

07. ਟੀਚਿੰਗ ਪ੍ਰੈਕਟਿਸ ਲਈ ਸਕੂਲ ਪ੍ਰਿੰਸੀਪਲ/ਮੁੱਖੀ ਇੱਕ ਅਧਿਆਪਕ ਨੂੰ ਬਤੌਰ ਕੋਆਰਡੀਨੇਟਰ ਨਾਮਜ਼ਦ ਕਰਨਗੇ।

08. ਟੀਚਿੰਗ ਪ੍ਰੈਕਟਿਸ ਲਈ ਸਾਰੇ ਸਿਖਿਆਰਥੀਆਂ ਦਾ ਸਕੂਲ ਦੀ ਸਵੇਰ ਦੀ ਸਭਾ ਵਿੱਚ ਹਾਜ਼ਰ ਹੋਣਾ ਯਕੀਨੀ ਹੋਵੇਗਾ।

09. ਟੀਚਿੰਗ ਪ੍ਰੈਕਟਿਸ ਲਈ ਸਿੱਖਿਆਰਥੀਆਂ ਦੀ ਹਾਜ਼ਰੀ ਸਬੰਧਤ ਸਕੂਲ ਵਿੱਚ ਲਗਾਉਣੀ ਲਾਜ਼ਮੀ ਹੋਵੇਗੀ। ਟੀਚਿੰਗ ਪ੍ਰੈਕਟਿਸ ਦੌਰਾਨ ਸਿੱਖਿਆਰਥੀਆਂ ਸਕੂਲ ਵਿੱਚ ਪੂਰਾ ਸਮਾਂ ਹਾਜ਼ਰ ਰਹਿਣਗੇ।

10. ਸਬੰਧਤ ਈ.ਟੀ.ਟੀ. ਸੰਸਥਾ ਦੇ ਪ੍ਰਿੰਸੀਪਲ ਸਿੱਖਿਆਰਥੀਆਂ ਦਾ ਸਕੂਲ ਦੇ ਅਨੁਸ਼ਾਸ਼ਨ ਅਨੁਸਾਰ ਕੰਮ ਕਰਨਾ ਯਕੀਨੀ ਬਣਾਉਣਗੇ। ਜੇ ਸਿੱਖਿਆਰਥੀ ਸਕੂਲ ਦੇ ਅਨੁਸ਼ਾਸ਼ਨ ਨੂੰ ਭੰਗ ਕਰਨਗੇ ਤਾਂ ਸਬੰਧਤ ਸਕੂਲ ਦਾ ਪ੍ਰਿੰਸੀਪਲ/ਮੁੱਖੀ ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਕਰਨ ਤੋਂ ਮਨ੍ਹਾਂ ਕਰਨ ਦਾ ਅਧਿਕਾਰਤ ਹੋਵੇਗਾ।

11. ਸਿੱਖਿਆਰਥੀ ਸਬੰਧਤ ਸਕੂਲ ਦੇ ਅਧਿਆਪਕ ਦੇ ਪਾਠਕ੍ਰਮ ਦੀ ਮਹੀਨਾਵਾਰ ਵੰਡ ਅਨੁਸਾਰ ਹੀ ਟਾਪਿਕ ਪੜ੍ਹਾਉਣਗੇ।

12. ਸਿੱਖਿਆਰਥੀ 'ਪਾਠ ਯੋਜਨਾ' ਸਬੰਧਤ ਵਿਸ਼ੇ ਦੇ ਅਧਿਆਪਕ ਨੂੰ ਦਿਖਾਉਣ ਤੋਂ ਬਾਅਦ ਹੀ ਜਮਾਤ ਵਿੱਚ ਪੜ੍ਹਾਏਗਾ।

13. ਸਿੱਖਿਆਰਥੀ ਦੇ ਪੀਰੀਅਡ ਲੈਣ ਸਮੇਂ ਸਬੰਧਤ ਅਧਿਆਪਕ ਜਮਾਤ ਵਿੱਚ ਹਾਜ਼ਰ ਰਹੇਗਾ ਅਤੇ ਲੋੜ ਪੈਣ ਤੇ ਆਪਣੇ ਸੁਝਾਅ ਵੀ ਦੇਵੇਗਾ।

14. ਸਿੱਖਿਆਰਥੀ ਵੱਲੋਂ ਸਹਾਇਕ ਸਮੱਗਰੀ ਦੀ ਵਰਤੋਂ ਯਕੀਨੀ ਬਣਾਉਣ ਲਈ ਸਬੰਧਤ ਵਿਸ਼ੇ ਦਾ ਅਧਿਆਪਕ ਜ਼ਿੰਮੇਵਾਰ ਹੋਵੇਗਾ।

15. ਟੀਚਿੰਗ ਪ੍ਰੈਕਟਿਸ ਦੌਰਾਨ ਸਿੱਖਿਆਰਥੀ ਦੀ ਕਾਰਗੁਜਾਰੀ, ਸਿੱਖਿਆਰਥੀ ਦਾ ਸੰਸਥਾ ਵਿੱਚ ਵਿਵਹਾਰ ਅਤੇ ਅਨੁਸ਼ਾਸ਼ਨਬੱਧਤਾ ਸਬੰਧੀ ਸਕੂਲ ਮੁੱਖੀ ਆਪਣੇ ਲੈਟਰ ਪੈਡ ਤੇ ਸਬੰਧਤ ਈ.ਟੀ.ਟੀ. ਸੰਸਥਾ ਦੇ ਪ੍ਰਿੰਸੀਪਲ ਨੂੰ ਰਿਪੋਰਟ ਭੇਜਣਾ ਯਕੀਨੀ ਬਣਾਉਣਗੇ।

16. ਟੀਚਿੰਗ ਪ੍ਰੈਕਟਿਸ ਦੌਰਾਨ ਸਕੂਲ ਦੀ ਸਮਾਂ ਸਾਰਣੀ, ਪਾਠਕ੍ਰਮ, ਪੇਪਰਾਂ ਦੇ ਸ਼ਡਿਊਲ ਅਤੇ ਮਿਡ-ਡੇ-ਮੀਲ ਆਦਿ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ।

**ਕਾਹਨ ਸਿੰਘ ਪੰਨੂੰ, ਆਈ.ਏ.ਐਸ.**
**ਸਕੱਤਰ-ਕਮ-ਡਾਇਰੈਕਟਰ ਜਨਰਲ**
**ਸਕੂਲ ਸਿੱਖਿਆ, ਪੰਜਾਬ।**

**ਪਿਠ ਅੰਕਣ ਨੰ: ਡਿ.ਐਸ.ਪੀ.ਡੀ./ਆਰ.ਐਮ.ਐਸ.ਏ./2012/** **ਮਿਤੀ, ਚੰਡੀਗੜ੍ਹ :**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ।
2. ਸਮੂਹ ਪ੍ਰਿੰਸੀਪਲ, ਡਾਇਟਸ।
3. ਸਮੂਹ ਪ੍ਰਿੰਸੀਪਲ, ਈ.ਟੀ.ਟੀ. ਕਾਲਜ।

**ਕਾਹਨ ਸਿੰਘ ਪੰਨੂੰ, ਆਈ.ਏ.ਐਸ.**
**ਸਕੱਤਰ-ਕਮ-ਡਾਇਰੈਕਟਰ ਜਨਰਲ**
**ਸਕੂਲ ਸਿੱਖਿਆ, ਪੰਜਾਬ।**